# ਜੈ ਬਾਬੇ ਦੀ ਬੋਲ ਓ ਭਗਤਾ

ਜੈ ਬਾਬੇ ਦੀ ਬੋਲ ਓ ਭਗਤਾ

===================
ਜੈ ਬਾਬੇ ਦੀ ਬੋਲ, ਓ ਭਗਤਾ, ਜੈ ਬਾਬੇ ਦੀ ਬੋਲ ॥
ਬੰਦ ਮੁਕੱਦਰਾਂ, ਵਾਲਾ ਜੋਗੀ* ॥, ਪਵੇਗਾ ਬੂਹਾ ਖੋਲ੍ਹ,,,
ਜੈ ਬਾਬੇ ਦੀ ਬੋਲ, ਓ ਭਗਤਾ, ਜੈ ਬਾਬੇ ਦੀ ਬੋਲ ॥

ਮੌਂਢੇ ਝੋਲੀ, ਹੱਥ ਵਿੱਚ ਚਿਮਟਾ, "ਲਾਏ ਗੁਫ਼ਾ ਵਿੱਚ ਡੇਰੇ" ।
ਪਾ ਪੱਲੇ ਵਿੱਚ, ਸੁੱਖ ਓਹ ਤੈਨੂੰ, "ਦੁੱਖ ਹਰਣਗੇ ਤੇਰੇ" ॥
ਕਰਦੇ ਇੱਛਾ, ਮਨ ਦੀ ਪੂਰੀ* ॥, ਨਾ ਹੋ ਡਾਵਾਂ ਡੋਲ੍ਹ,,,
ਜੈ ਬਾਬੇ ਦੀ ਬੋਲ, ਓ ਭਗਤਾ, ਜੈ ਬਾਬੇ ਦੀ ਬੋਲ ॥

ਨਾਥ ਦੀ ਮਹਿਮਾਂ, ਨਾਥ ਹੀ ਜਾਣੇ, "ਭੇਦ ਕੋਈ ਨਾ ਪਾਏ" ।
ਵਿੱਚ ਸਮੁੰਦਰ, ਡੁੱਬਦਾ ਬੇੜਾ, "ਬਾਬਾ ਪਾਰ ਲਗਾਏ" ॥
ਕਿਓਂ ਗੰਵਾਵੇ, ਸਾਹ ਜ਼ਿੰਦਗੀ ਦੇ* ॥, ਏਹ ਬੜੇ ਅਨਮੋਲ,,,
ਜੈ ਬਾਬੇ ਦੀ ਬੋਲ, ਓ ਭਗਤਾ, ਜੈ ਬਾਬੇ ਦੀ ਬੋਲ ॥

ਸਿੱਧ ਜੋਗੀ ਨੂੰ, ਰੋਜ਼ ਸਵੇਰੇ, "ਰੋਟ ਦਾ ਭੋਗ ਜੋ ਲਾਏ" ।
ਓਸ ਭਗਤ ਦਾ, ਗੇੜ੍ਹ ਚੌਰਾਸੀ, "ਬਾਬਾ ਆਪ ਮਿਟਾਏ" ॥
ਟੋਨੀ ਬੰਗਿਆਂ, ਵਾਲੇ ਤੂੰ ਵੀ* ॥, ਮਨ ਦੀਆਂ ਅੱਖੀਆਂ ਖੋਲ੍ਹ,,,
ਜੈ ਬਾਬੇ ਦੀ ਬੋਲ, ਓ ਭਗਤਾ, ਜੈ ਬਾਬੇ ਦੀ ਬੋਲ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33486/title/jai-babe-di-bol-o-bhagta

अपने Android मोबाइल पर BhajanGanga App डाउनलोड करें और भजनों का आनंद ले |